# ਗੁਰੂ ਨਾਨਕ –ਸਬਦ ੯੬

## ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭੪

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥

ਸਾਰ: ਅਸੀਂ ਬੇਗ਼ਰਜ਼ ਮਨ ਨਾਲ ਪੈਦਾ ਹੋਏ ਹਾਂ, ਵਿਸ਼ਵਾਸਾਂ ਅਤੇ ਜਟਿਲ ਢਾਂਚਿਆਂ ਤੋਂ ਮੁਕਤ, ਸਿਰਫ਼ ਸ਼ੁੱਧ ਜਾਗਰੂਕਤਾ ਅਤੇ ਵਿਸ਼ਾਲ ਸੰਭਾਵਨਾ ਦੇ ਰੂਪ ਵਿਚ। ਜਿਵੇਂ-ਜਿਵੇਂ ਅਸੀਂ ਜੀਵਨ ਸਫ਼ਰ ਵਿਚੋਂ ਗੁਜ਼ਰਦੇ ਹਾਂ, ਹਰੇਕ ਵਿਚਾਰ ਇਕ ਛਾਪ ਛੱਡਦਾ ਹੈ, ਜੋ ਸਾਨੂੰ ਸੂਖਮ ਤੌਰ 'ਤੇ ਪ੍ਰਭਾਵਿਤ ਕਰਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੀ ਦੁਨੀਆਂ ਨੂੰ ਕਿਵੇਂ ਸਮਝਦੇ ਹਾਂ ਅਤੇ ਇਸ ਪ੍ਰਥਾਇ ਕਿਸ ਤਰ੍ਹਾਂ ਪ੍ਰਤੀਕਿਰਿਆ ਕਰਦੇ ਹਾਂ। ਇਹ ਪ੍ਰਭਾਵ ਸਾਡੀਆਂ ਚੋਣਾਂ ਅਤੇ ਕਰਮਾਂ ਦੀ ਨੀਂਹ ਰੱਖਦੇ ਹਨ। ਅਨੁਭਵ ਅਤੇ ਸੰਬੰਧ ਅਜਿਹਾ ਸ਼ੁਰੂਆਤੀ ਢਾਂਚਾ ਸਥਾਪਤ ਕਰਦੇ ਹਨ, ਜੋ ਸਾਡੇ ਨਿਰੰਤਰ ਵਿਚਾਰਾਂ ਅਤੇ ਵਿਵਹਾਰ ਦੁਆਰਾ ਮਜ਼ਬੂਤ ਕੀਤਾ ਜਾ ਸਕਦਾ ਹੈ ਜਾਂ ਮੁੜ ਤ੍ਰਾਸ਼ਿਆ ਵੀ ਜਾ ਸਕਦਾ ਹੈ। ਇਨ੍ਹਾਂ ਦਾ ਰਾਫ਼ਤਾ ਇਕ ਗਤੀਸ਼ੀਲ ਚੱਕਰ ਦੇ ਰੂਪ ਵਿਚ ਕਾਇਮ ਹੁੰਦਾ ਹੈ, ਇਹ ਢਾਂਚੇ ਸਾਡੇ ਜੀਵਨ ਰੂਪੀ ਰਾਹ ਦੀ ਅਗਵਾਈ ਕਰਦੇ ਹਨ। ਸੁਚੇਤ ਤੌਰ ‘ਤੇ ਕੀਤੇ ਨਿਰੀਖਣ ਨਾਲ ਇਹਨਾਂ ਢਾਂਚਿਆਂ ਨੂੰ ਧਿਆਨ ਵਿਚ ਲਿਆ ਸਕਦਾ ਹੈ। ਅਸੀਂ ਜੋ ਸੋਚਦੇ ਹਾਂ ਉਹ ਗੰਭੀਰਤਾ ਨਾਲ ਨਿਰਧਾਰਿਤ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਬਣਨਾ ਹੈ। ਅਸੀਂ ਉਸ ਜਟਿਲ ਪ੍ਰਕਿਰਿਆ ਨੂੰ ਪਛਾਣ ਕੇ, ਮਨ ਦੀ ਉਸ ਸਮਰਥਾ ਨੂੰ ਖੋਲ੍ਹ ਸਕਦੇ ਹਾਂ ਜੋ ਸਾਡੀ ਮੂਲ ਹੋਂਦ ਦੀ ਸੁਚੇਤ ਪ੍ਰਕਿਰਿਆ ਨੂੰ ਮੁੜ-ਸੁਰਜੀਤ ਕਰਦੀ ਹੈ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਰਾਤ ਦੇ ਪਹਿਲੇ ਪਹਿਰ ਵਿਚ, ਹੇ ਵਣਜਾਰੇ ਦੋਸਤ, ਕੁਦਰਤੀ ਹੁਕਮ ਦੇ ਵਿਧਾਨ ਨਾਲ, ਕੋਈ ਗਰਭ ਵਿਚ ਪ੍ਰਵੇਸ਼ ਕਰਦਾ ਹੈ। "ਰਾਤ ਦਾ ਪਹਿਲਾ ਪਹਿਰ" ਇਕ ਪਰਿਵਰਤਨਸ਼ੀਲ ਪਲ ਨੂੰ ਦਰਸਾਉਂਦਾ ਹੈ

ਜਦੋਂ ਸਾਡਾ ਅੰਤਹਕਰਣ ਜਾਗਦਾ ਹੈ। ਇਕ "ਵਪਾਰੀ ਮਿੱਤਰ" ਉਹਨਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਕਦਰਾਂ-ਕੀਮਤਾਂ ਦਾ ਨਿਰਪੱਖਤਾ ਨਾਲ ਵਟਾਂਦਰਾ ਕਰਦੇ ਹਨ; ਜਿਸ ਉਪਰ ਹੱਕ ਨਹੀਂ ਉਹ ਉਸ ਦਾ ਅਦਾਨ-ਪ੍ਰਦਾਨ ਨਹੀਂ ਕਰਦੇ। "ਕੁੱਖ" ਸਾਡੀ ਨਿਰਮਲ ਜਗ੍ਹਾ ਦਾ ਪ੍ਰਤੀਕ ਹੈ ਜਿੱਥੇ ਨਿੱਜੀਤਵ ਨੇ ਅਜੇ ਕੋਈ ਆਕਾਰ ਧਾਰਨ ਨਹੀਂ ਕੀਤਾ ਹੈ।

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥

ਉਲਟਾ ਹੋ ਕੇ, ਤੂੰ ਗਰਭ ਅੰਦਰ ਤਪੱਸਿਆ ਕੀਤੀ, ਅਤੇ ਹੇ ਮੇਰੇ ਵਣਜਾਰੇ ਦੋਸਤ ਤੂੰ ਆਪਣੇ ਪ੍ਰੀਤਮ ਨੂੰ ਪ੍ਰਾਰਥਨਾ ਵੀ ਕੀਤੀ। ਗਰਭ ਵਿਚ "ਉਲਟਾ ਲਟਕਣ" ਦਾ ਚਿੱਤਰ ਇਕ ਅਜਿਹੀ ਸਥਿਤੀ ਦਾ ਪ੍ਰਤੀਕ ਹੈ ਜਿਸ ਵਿਚ ਨਿਜੀ ਇੱਛਾ, ਹਉਮੈ ਅਤੇ ਧੜੇਬੰਦੀ ਗੈਰਹਾਜ਼ਰ ਹਨ। "ਤਪ" ਦਾ ਹਵਾਲਾ ਹੋਂਦ ਨੂੰ ਉਸਦੇ ਮੂਲ ਸਾਰ ਤੱਕ ਖੋਹਣ ਦਾ ਸੁਝਾਅ ਦਿੰਦਾ ਹੈ। "ਪ੍ਰੀਤਮ ਨੂੰ ਅਰਦਾਸ" ਅੰਦਰ ਵਸਦੇ ਜੀਵਨ ਦੇ ਸੋਮੇ, ਸਰਵ ਵਿਆਪਕ ਚੇਤਨਾ ਵੱਲ ਸਹਿਜ ਰੂਪ ਵਿਚ ਮੁੜਨ ਨੂੰ ਦਰਸਾਉਂਦਾ ਹੈ।

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥

ਗਰਭ ਦੀ ਉਲਟ ਬਿਖਮ ਸਥਿਤੀ ਵਿਚ ਤੁਸੀਂ ਪ੍ਰੀਤਮ ਨੂੰ ਵਿਆਖਿਆਮਈ ਬੇਨਤੀ ਰੂਪ ਵਿਚ ਅਰਦਾਸ ਕਰਦੇ ਹੋ, ਧਿਆਨ ਵਿਚ ਮਗਨ, ਚਿੰਤਨ ਵਿਚ ਰੁੱਝੇ ਹੁੰਦੇ ਹੋ। ਗਰਭ ਵਿਚਲਾ ਇਹ ਦ੍ਰਿਸ਼ਟਾਂਤ ਧਿਆਨ ਪੂਰਵਕ ਨਿਰੀਖਣ ਨੂੰ ਦਰਸਾਉਂਦਾ ਹੈ ਜਿਸ ਵਿਚ ਨਾ ਤਾਂ ਕੋਈ ਕਾਰਜ਼ ਕਰਦਾ ਹੈ, ਨਾ ਹੀ ਕੋਈ ਨਿਰਣਾ ਲੈਂਦਾ ਹੈ, ਅਤੇ ਨਾ ਹੀ ਕੋਈ ਉਦਮ ਕਰਦਾ ਹੈ, ਬਸ ਕੁਦਰਤੀ ਸਤਾ ਸਹਾਰੇ ਸਭ ਕੁਝ ਨਿਰਬਾਹਿਤ ਹੁੰਦਾ ਹੈ। ਇਹ ਬੇਨਤੀ ਚੇਤਨਾ ਵੱਲ ਇਕ ਮੁਢਲੀ ਖਿੱਚ ਨੂੰ ਦਰਸਾਉਂਦੀ ਹੈ ਜਿਸ ਵਿਚ ਬਾਹਰੀ ਸ਼ਮੂਲੀਅਤ ਅਸੰਭਵ ਹੁੰਦੀ ਹੈ।

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥

ਸਾਡੇ ਅੰਦਰ ਕੋਈ ਸਮਾਜਿਕ ਜਾਂ ਧਾਰਮਿਕ ਰੀਤੀ-ਰਿਵਾਜ ਨਿਹਿਤ ਨਹੀਂ ਹਨ; ਅਸੀਂ ਕੁਦਰਤੀ ਤੌਰ ‘ਤੇ ਨਗਨ ਅਵਸਥਾ ਵਿਚ ਆਉਂਦੇ ਹਾਂ ਅਤੇ ਚਲੇ ਜਾਂਦੇ ਹਾਂ। ਇਹ ਤੱਥ ਇਸ ਹਕੀਕਤ ਨੂੰ ਉਜਾਗਰ ਕਰਦਾ ਹੈ ਕਿ ਜੀਵਨ ਦੀ ਉਤਪਤੀ ਰਵਾਇਤੀ ਸੰਬੰਧਾਂ ਤੋਂ ਰਹਿਤ ਹੈ; ਇਹਨਾਂ ਨੂੰ ਸਮੇਂ ਦੇ ਨਾਲ ਸਿੱਖਿਆ, ਧਾਰਨ ਕੀਤਾ ਅਤੇ ਰੰਗਤ ਦਿੱਤੀ ਜਾਂਦੀ ਹੈ, ਪਰ ਅੰਤ ਵਿਚ, ਅਸੀਂ ਜਿਵੇਂ ਆਏ ਸੀ, ਉਵੇਂ ਹੀ ਚਲੇ ਜਾਂਦੇ ਹਾਂ, ਨੰਗੇ ਅਤੇ ਸਾਰੇ ਚਿੰਨ੍ਹਾਂ ਤੋਂ ਮੁਕਤ।

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਸਾਡੇ ਵਿਚਾਰ ਕਿਸ ਤਰ੍ਹਾਂ ਦੀ ਛਾਪ ਲਾਉਂਦੇ ਹਨ, ਮਨ ਦਾ ਪਸਾਰ ਉਸ ਅਨੁਸਾਰ ਹੁੰਦਾ ਹੈ। ਇਹ ਧਾਰਨਾ ਦਰਸਾਉਂਦੀ ਹੈ ਕਿ ਸਾਨੂੰ ਰੰਗਤ ਦੇਣ ਵਾਲੀ ਰੱਖੀ ਨੀਂਹ ਸਾਡੇ ਜੀਵਨ ਦੀ ਦਿਸ਼ਾ ਨੂੰ ਪ੍ਰਭਾਵਿਤ ਕਰਦੀ ਹੈ; ਹਰੇਕ ਕਿਰਿਆ ਅਤੇ ਵਿਚਾਰ ਸਾਡੇ ਅੰਤਹਕਰਣ ਅਤੇ ਸਾਡੇ ਆਲੇ ਦੁਆਲੇ 'ਤੇ ਆਪਣੀ ਛਾਪ ਪਾਉਂਦੇ ਹਨ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥
ਨਾਨਕ ਕਹਿੰਦੇ ਹਨ, ਮਨੁੱਖ, ਰਾਤ ਦੇ ਪਹਿਲੇ ਪਹਿਰ ਵਿਚ, ਕੁਦਰਤੀ ਵਿਧਾਨ ਦੇ ਹੁਕਮ ਨਾਲ, ਗਰਭ ਵਿਚ ਪ੍ਰਵੇਸ਼ ਕਰਦਾ ਹੈ। ਇਹ ਤੱਥ ਉਸ ਰੁਪਾਂਤ੍ਰਣ ਵਾਲੇ ਪਲ ਦੇ ਸਿੱਟੇ ਉਪਰ ਆਤਮ-ਚਿੰਤਨ ਲਈ ਪ੍ਰੇਰਿਤ ਕਰਦਾ ਹੈ, ਜਦੋਂ ਸਾਡਾ ਅੰਤਹਕਰਣ ਜਾਗਦਾ ਹੈ। ਇਕ ਅਜਿਹਾ ਨਿਰਮਲ ਸਥਾਨ ਹੈ ਜਿੱਥੇ ਨਿੱਜਤਵ ਨੇ ਅਜੇ ਆਕਾਰ ਨਹੀਂ ਲਿਆ ਹੁੰਦਾ। (੧)

ਤੱਤ: ਗੁਰੂ ਨਾਨਕ ਹੁਨਰਮੰਦੀ ਨਾਲ "ਰਾਤ ਦੇ ਪਹਿਰ" ਅਤੇ "ਕੁੱਖ" ਵਰਗੇ ਦ੍ਰਿਸ਼ਟਾਂਤ ਦੀ ਵਰਤੋਂ ਉਸ ਸ਼ੁਰੂਆਤੀ ਵਿਚਾਰ ਨੂੰ ਪ੍ਰਗਟ ਕਰਨ ਲਈ ਕਰਦੇ ਹਨ ਜੋ ਸੌਦੇਬਾਜ਼ੀ ਜਾਂ ਇਰਾਦੇ ਤੋਂ ਰਹਿਤ, ਖ਼ੁਦ-ਬ-ਖ਼ੁਦ ਪ੍ਰਗਟ ਹੁੰਦਾ ਹੈ। ਇਹਨਾਂ ਰੂਪਕਾਂ ਰਾਹੀਂ, ਉਹ ਹੋਂਦ ਦੇ ਮੁੱਢਲੇ ਤੱਤ, ਚੇਤਨਾ ਦੀ ਨਿਰਮਲ ਅਵਸਥਾ ਨੂੰ ਉਜਾਗਰ ਕਰਦੇ ਹਨ ਜੋ ਭੂਮਿਕਾਵਾਂ ਅਤੇ ਉਮੀਦਾਂ ਤੋਂ ਬੇਦਾਗ ਹੈ। ਇਹ ਸਾਡੀ ਹੋਂਦ ਦੇ ਇਕ ਅੰਤਰੀਵੀ ਹਿੱਸੇ ਨੂੰ ਦਰਸਾਉਂਦੀ ਹੈ ਜੋ ਸਾਡੀਆਂ ਤਰਜੀਹਾਂ ਜਾਂ ਪੱਖਪਾਤ ਨੂੰ ਸਿਰਜਨ ਤੋਂ ਪਹਿਲਾਂ ਮੌਜੂਦ ਸਨ। ਆਪਣੇ ਮੂਲ ਦੇ ਇਸ ਸੱਚ ਨੂੰ ਪਛਾਣ ਕੇ, ਅਸੀਂ ਸਮਝ ਸਕਦੇ ਹਾਂ ਕਿ ਜਦੋਂ ਅਸੀਂ ਆਪਣੀ ਹੋਂਦ ਦੀ ਮੁਢਲੀ ਅਵਸਥਾ ਨੂੰ ਅਪਣਾਉਂਦੇ ਹਾਂ, ਤਾਂ ਅਸੀਂ ਆਪਣੀ ਸਿਰਜਨਾ ਵਿਚ ਵਿਗਸਤ ਹੋ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**